**English as an Additional Language Service** **www.ealedinburgh.org.uk**

ਪੇਰੈਂਟਸ (ਮਾਤਾ–ਪਿਤਾ) ਲਈ ਜਾਣਕਾਰੀ: ਬਾਰ ਬਾਰ ਪੁੱਛੇ ਜਾਣ ਵਾਲੇ ਸੁਆਲ

*ਮੈਂ ਘਰ ਵਿੱਚ ਆਪਣੇ ਬਾਈਲਿੰਗੁਅਲ (ਦੋ ਜ਼ਬਾਨਾਂ ਬੋਲ ਵਾਲਾ) ਬੱਚੇ ਨੂੰ ਸਪੋਰਟ ਕਿਵੇਂ ਕਰ ਸਕਦਾ ਹਾਂ?*

- ਆਪਣੇ ਬੱਚੇ ਨਾਲ ਆਪਣੀ ਹੋਮ ਲੈਂਗੁਇਜ (ਮਾਂ ਬੋਲੀ) ਵਿੱਚ ਗੱਲ ਕਰੋ
(ਈ ਏ ਐੱਲ ਲੀਫਲੈੱਟ 'ਹੈੱਲਪਿੰਗ ਯੂਅਰ ਚਾਈਲਡ ਬੀ ਬਾਈਲਿੰਗੁਅਲ) ਵੇਖੋ

- ਜੇਕਰ ਤੁਹਾਡੇ ਬੱਚੇ ਦੀ ਉਮਰ 3–7 ਸਾਲ ਹੈ ਤਾਂ ਆਪਣੇ ਸਕੂਲ/ਨਰਸਰੀ ਨੂੰ ਪੁਛੋ ਕਿ ਕੀ ਤੁਸੀਂ ਈ ਏ ਐੱਲ ਫਿਲਮ 'ਇਟ'ਸ ਯੂਅਰ ਹੈੱਲਪ ਦੈਟ ਕਾਊਂਟਸ' ਵੇਖ ਸਕਦੇ ਹੋ – ਸ਼ਾਇਦ ਤੁਸੀਂ ਇਸ ਨੂੰ ਆਪਣੀ ਜ਼ਬਾਨ ਵਿੱਚ ਵੇਖ ਸਕੋ।

- ਆਪਣੇ ਬੱਚੇ ਨਾਲ ਡਯੂਲ ਲੈਂਗੁਇਜ (ਦੋ ਜਬਾਨਾਂ ਵਾਲੀਆਂ) ਕਿਤਾਬਾਂ ਪੜ੍ਹੋ ਅਤੇ ਉਨ੍ਹਾਂ ਬਾਰੇ ਗੱਲ ਬਾਤ ਕਰੋ। ਤੁਹਾਡਾ ਸਕੂਲ ਅਤੇ ਪਬਲਿਕ ਲਾਇਬ੍ਰੇਰੀ ਬਹੁਤ ਸਾਰੀਆਂ ਡਯੂਲ ਲੈਂਗੁਇਜ ਕਿਤਾਬਾਂ ਤਕ ਪਹੁੰਚ ਕਰਨ ਯੋਗ ਹੋਣੇ ਚਾਹੀਦੇ ਹਨ। ਤਸਵੀਰਾਂ ਬਾਰੇ ਆਪਣੀ ਹੋਮ ਲੈਂਗੁਇਜ ਦੀ ਵਰਤੋਂ ਕਰੋ ਅਤੇ ਸੁਆਲ ਪੁੱਛੋ, ਉਦਾਹਰਣ ਵੱਜੋਂ ਕੌਣ? ਕੀ? ਕਿਥੇ? ਕਦੋਂ?

- ਆਪਣੇ ਬੱਚੇ ਨਾਲ ਗੱਲ ਬਾਤ ਕਰੋ ਕਿ ਉਸ ਨੇ ਦਿਨ ਵਿੱਚ ਕੀ ਕੁੱਝ ਕੀਤਾ ਹੈ, ਉਨ੍ਹਾਂ ਨੂੰ ਉਤਸਾਹਿਤ ਕਰੋ ਕਿ ਉਹ ਤੁਹਾਨੂੰ ਦੱਸਣ ਕਿ ਉਨ੍ਹਾਂ ਨੇ ਉਸ ਦਿਨ ਕਿਹੜੀ ਇਕ ਚੀਜ਼ ਸਿੱਖੀ/ਕੀਤੀ ਸੀ। .

- ਕਲਾਸ ਦੇ ਮਜ਼ਮੂਨਾਂ ਬਾਰੇ ਗੱਲਬਾਤ ਕਰੋ; ਜੇਕਰ ਸੰਭਵ ਹੋ ਸਕੇ ਤਾਂ ਇਸ ਦਾ ਸੰਬੰਧ ਆਪਣੇ ਦੇਸ਼/ਸਭਿਆਚਾਰ ਨਾਲ ਜੋੜੋ ਉਦਾਹਰਣ ਵੱਜੋਂ ਜਿਹੜੀਆਂ ਚੀਜ਼ਾਂ ਇਕੋ ਜਿਹੀਆਂ ਹਨ ਅਤੇ ਜਿਨ੍ਹਾਂ ਵਿੱਚ ਫਰਕ ਹੈ।

- ਵਾਰੀ ਲੈਣ ਵਾਲੀਆਂ ਖੇਡਾਂ ਖੇਡੋ ਜਿਵੇਂ ਕਿ ਆਈ–ਸਪਾਈ, ਸਨੈਪ, ਡੋਮੀਨੋਜ਼, ਲੋਟੋ, ਸਨੇਕਸ ਐਂਡ ਲੈਡਰਜ਼, ਵਰਤੋਂ ਵਿੱਚ ਆਉਂਦੀ ਜ਼ਬਾਨ ਦੀ ਮਸ਼ਕ ਕਰੋ। ਜੇਕਰ ਤੁਹਾਨੂੰ ਪੱਕਾ ਨਹੀਂ ਪਤਾ ਕਿ ਇਹ ਖੇਡਾਂ ਕਿਵੇਂ ਖੇਡਣੀਆਂ ਹਨ ਤਾਂ ਆਪਣੇ ਬੱਚੇ ਦੇ ਕਲਾਸ ਟੀਚਰ ਜਾਂ ਈ ਏ ਐੱਲ ਟੀਚਰ ਨੂੰ ਪੁੱਛੋ ਉਹ ਤੁਹਾਨੂੰ ਦੱਸ ਵੀ ਸਕਣਗੇ ਕਿ ਇਹ ਖੇਡਾਂ, ਸਿਖਲਾਈ ਕਿਉਂ ਚੰਗੀਆਂ ਹਨ।

*ਜੇਕਰ ਮੇਰਾ ਬੱਚਾ ਜਾਂ ਮੈਂ ਹੋਮ ਵਰਕ ਨੂੰ ਨਹੀਂ ਸਮਝਦੇ ਤਾਂ ਫੇਰ ਕੀ ਕਰੀਏ?*
ਕਿਰਪਾ ਕਰਕੇ ਹੋਰ ਜ਼ਿਆਦਾ ਜਾਣਕਾਰੀ ਲਈ 'ਇਨਫਰਮੇਸ਼ਨ ਫਾਰ ਪੇਰੈਂਟਸ' ਥੱਲੇ ਈ ਏ ਐੱਲ ਵੈੱਬਸਾਈਟ ਵੇਖੋ।

ਹੋਮ ਵਰਕ ਤੁਹਾਡੇ ਬੱਚੇ ਦੀ ਸਕੂਲਿੰਗ ਦਾ ਬਹੁਤ ਮਹੱਤਵਪੂਰਣ ਭਾਗ ਹੈ। ਹੋਮਵਰਕ ਬੱਚਿਆਂ ਨੂੰ ਆਪਣੀ ਪੜ੍ਹਾਈ ਨੂੰ ਯਾਦ ਰੱਖਣ ਵਿੱਚ ਸਹਾਇਤਾ ਕਰਦਾ ਹੈ। ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਪੱਕੀ ਤਰ੍ਹਾਂ ਨਹੀਂ ਪਤਾ ਕਿ ਕੀ ਕਰਨਾ ਹੈ:

- ਹੋਰ ਜ਼ਿਆਦਾ ਜਾਣਕਾਰੀ ਲੈਣ ਲਈ ਟੀਚਰ ਨੂੰ ਪੁੱਛੋ
- ਜੇਕਰ ਈ ਏ ਐੱਲ ਟੀਚਰ ਜਾਂ ਬੀ ਐੱਸ ਏ ਉਪਲਬਧ ਹਨ ਤਾਂ ਉਨ੍ਹਾਂ ਨਾਲ ਗੱਲ ਕਰੋ
- ਆਪਣੇ ਬੱਚੇ ਦੀ ਹੋਮ–ਸਕੂਲ ਡਾਇਰੀ ਵਿੱਚ ਸੁਨੇਹਾ ਲਿੱਖੋ; ਸ਼ਾਇਦ ਇਸ ਦਾ ਅਨੁਵਾਦ ਕਰਵਾਉਣਾ ਵੀ ਸੰਭਵ ਹੋਵੇ।

*ਕੀ ਮੇਰੇ ਬੱਚੇ ਲਈ ਕੋਈ ਵਾਧੂ ਇੰਗਲਿਸ਼ ਕਲਾਸਾਂ ਵੀ ਹਨ?*

ਐੱਸ 3 ਤੋਂ ਐੱਸ 6 ਵਿੱਚ ਵਿਦਿਆਰਥੀਆਂ ਲਈ ਆਫਟਰ–ਸਕੂਲ ਈਸੋਲ (ਹੋਰ ਜ਼ਬਾਨਾਂ ਬੋਲਣ ਵਾਲਿਆਂ ਲਈ ਇੰਗਲਿਸ਼) ਕਲਾਸਾਂ ਹਨ। ਕਿਰਪਾ ਕਰਕੇ ਹੋਰ ਜ਼ਿਆਦਾ ਵੇਰਵਿਆਂ ਲਈ ਆਪਣੇ ਬੱਚੇ ਦੇ ਸਕੂਲ/ਅਤੇ/ਜਾਂ ਈ ਏ ਐੱਲ ਟੀਚਰ ਨੂੰ ਪੁੱਛੋ।

*ਕੀ ਅਸੀਂ ਆਪਣੇ ਬੱਚੇ ਨਾਲ ਘਰ ਵਿੱਚ ਇੰਗਲਿਸ਼ ਵਿੱਚ ਗੱਲ ਕਰੀਏ?*

ਤੁਹਾਡਾ ਬੱਚਾ ਸਕੂਲ ਵਿੱਚ ਸਾਰਾ ਦਿਨ ਅਤੇ ਸਾਰਾ ਹਫਤਾ ਇੰਗਲਿਸ਼ ਬੋਲਦਾ ਹੈ। ਇਹ ਜ਼ਰੂਰੀ ਹੈ ਕਿ ਸਕੂਲ ਤੋਂ ਬਾਹਰ ਤੁਹਾਡਾ ਬੱਚਾ ਆਪਣੀ ਹੋਮ–ਲੈਂਗੁਇਜ ਦੀ ਵਰਤੋਂ ਇਸ ਨੂੰ ਮਜ਼ਬੂਤ ਰੱਖਣ ਲਈ ਕਰੇ। ਇਸ ਨਾਲ ਤੁਹਾਨੂੰ ਆਪਣੀ ਹੋਮ ਲੈਂਗੀਇਜ ਅਤੇ ਇੰਗਲਿਸ਼, ਦੋਨਾਂ ਦਾ ਵਿਕਾਸ ਕਰਨ ਵਿੱਚ ਸਹਿਣਤਾ ਮਿਲਦੀ ਹੈ। ਆਪਣੇ ਬੱਚੇ ਦੇ ਸਕੂਲ ਵਰਕ ਬਾਰੇ ਆਪਣੀ ਹੋਮ ਲੈਂਗੁਇਜ ਵਿੱਚ ਗੱਲ ਬਾਤ ਕਰਨ ਨਾਲ ਵੀ ਤੁਹਾਡੇ ਬੱਚੇ ਦੇ ਵਿਦਿਅਕ ਵਿਕਾਸ ਵਿੱਚ ਸਹਾਇਤਾ ਮਿਲਦੀ ਹੈ। ਇਹ ਜ਼ਰੂਰੀ ਹੈ ਕਿ ਤੁਹਾਡਾ ਬੱਚਾ ਇੰਗਲਿਸ਼ ਜ਼ਬਾਨ ਦੀਆਂ ਚੰਗੀਆਂ ਉਦਾਹਰਣਾਂ ਸੁਣੇ (ਈ ਏ ਐੱਲ ਦੇ ਇਸ ਲੀਫਲੈੱਟ ਨੂੰ ਵੇਖੋ 'ਹੈੱਲਪਿੰਗ ਯੂਅਰ ਚਾਈਲਡ ਬੀ ਬਾਈਲਿੰਗੁਅਲ')।

*ਮੈਂ ਕਿਵੇਂ ਕਹਿ ਸਕਦਾ ਹਾਂ ਕਿ ਮੇਰੇ ਬੱਚੇ ਦੀ ਇੰਗਲਿਸ਼ ਦਾ ਵਿਕਾਸ ਹੋ ਰਿਹਾ ਹੈ?*

ਸਾਰੇ ਬੱਚੇ ਆਪਣੀ ਇੰਗਲਿਸ਼ ਜ਼ਬਾਨ ਵਾਲੇ ਵਿਕਾਸ ਦੇ ਵੱਖ ਵੱਖ ਪੜ੍ਹਾਵਾਂ ਤੇ ਹਨ, ਕੁੱਝ ਬੱਚਿਆਂ ਲਈ ਇੰਗਲਿਸ ਨਵੀਂ ਹੈ ਅਤੇ ਕੁੱਝ ਐਡਵਾਂਸਡ ਲਰਨਰ ਹਨ। ਆਮ ਤੌਰ ਤੇ, ਸਮਾਜਕ ਅਤੇ ਹਰ ਰੋਜ਼ ਦੀ ਵਰਤੋਂ ਵਾਲੀ ਇੰਗਲਿਸ਼ ਦੇ ਵਿਕਾਸ ਹੋਣ ਤੇ 2 ਸਾਲ ਲਗਦੇ ਹਨ। ਕੁੱਝ ਬੱਚੇ ਕੁੱਝ ਸਮੇਂ ਸ਼ਬਦ ਨਹੀਂ ਬੋਲ ਸਕਦੇ ਅਤੇ ਫਿਰ ਇਕੱਲੇ ਇਕੱਲੇ ਸ਼ਬਦਾਂ ਦੀ ਵਰਤੋਂ ਕਰਦੇ ਹਨ, ਫੇਰ ਇਸ ਤੋਂ ਬਾਦ ਸੌਖੇ ਸੌਖੇ ਵਾਕਾਂ ਦੀ ਵਰਤੋਂ ਕਰਦੇ ਹਨ।

ਹੋਰ ਜ਼ਿਆਦਾ ਐਕੇਡੈਮਿਕ (ਵਿਦਿਅਕ) ਇੰਗਲਿਸ਼ ਜ਼ਬਾਨ ਵਿਕਸਿਤ ਕਰਨ ਅਤੇ ਸਮਝਣ ਤੇ 10 ਸਾਲ ਤਕ ਲੱਗ ਸਕਦੇ ਹਨ। ਭਾਵੇਂ ਬੱਚੇ ਗੱਲ ਬਾਤ ਕਰਨ ਵਿੱਚ ਫਲੂਐਂਟ (ਰਵਾਂ) ਇੰਗਲਿਸ਼ ਬੋਲਣ ਵਾਲੇ ਲਗਦੇ ਹੋਣ, ਹੋ ਸਕਦਾ ਹੈ ਕਿ ਜਦੋਂ ਉਹ ਹੋਰ ਜ਼ਿਆਦਾ ਪੇਚੀਦਾ ਕੰਮ ਕਰ ਰਹੇ ਹੁੰਦੇ ਹਨ ਤਾਂ ਸ਼ਾਇਦ ਉਹ ਉਦੋਂ ਵੀ ਇੰਗਲਿਸ਼ ਦੀ ਵਰਤੋਂ ਅਤੇ ਉਸ ਨੂੰ ਸਮਝਣ ਨੂੰ ਵਿਕਸਿਤ ਕਰ ਰਹੇ ਹੋਣ।

ਤੁਹਾਡੇ ਬੱਚੇ ਦਾ ਈ ਏ ਐੱਲ ਟੀਚਰ ਅਤੇ/ਜਾਂ ਬੀ ਐੱਸ ਏ ਨੂੰ ਕਿਸੇ ਵੀ ਸੁਆਲ ਦਾ ਜੁਆਬ ਦੇਣ ਵਿੱਚ ਖੁਸ਼ੀ ਹੋਵੇਗੀ।

*ਕੀ ਮੈਂ ਆਪਣੇ ਬੱਚੇ ਦੇ ਪ੍ਰਾਇਮਰੀ । ਦੇ ਦਾਖਲੇ ਨੂੰ ਡੈਫਰ (ਕੁੱਝ ਦੇਰ ਲਈ ਰੋਕ ਦੇਣਾ) ਕਰ ਦਿਆਂ ਤਾਂ ਜੋ ਉਸ ਨੂੰ ਇੰਗਲਿਸ਼ ਸਿੱਖਣ ਲਈ ਹੋਰ ਸਮਾਂ ਮਿਲ ਜਾਵੇ? (ਜੇਕਰ ਤੁਸੀਂ ਆਪਣੇ ਬੱਚੇ ਨੂੰ ਡੈਫਰ ਕਰਦੇ ਹੋ ਤਾਂ ਇਸ ਦਾ ਮਤਲਬ ਇਹ ਹੈ ਕਿ ਤੁਹਾਡਾ ਬੱਚਾ ਸਕੂਲ ਸ਼ੁਰੂ ਕਰਨ ਤੋਂ ਪਹਿਲੋਂ ਹੋਰ ਇਕ ਸਾਲ ਲਈ ਨਰਸਰੀ ਵਿੱਚ ਰਹੇਗਾ)*

ਕਿਉਂਕਿ ਹਰ ਇਕ ਬੱਚੇ ਦੀ ਲੋੜਾਂ ਵਿਅਕਤੀਗਤ ਹਨ, ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਇਸ ਫੈਸਲੇ ਬਾਰੇ ਆਪਣੇ ਬੱਚੇ ਦੀ ਨਰਸਰੀ ਅਤੇ/ਜਾਂ ਈ ਏ ਐੱਲ ਟੀਚਰ ਅਤੇ /ਜਾਂ ਬੀ ਐੱਸ ਏ ਨਾਲ ਗੱਲ ਬਾਤ ਕਰੋ। ਫੇਰ ਵੀ ਖੋਜ ਤੋਂ ਪਤਾ ਲਗਾ ਹੈ ਕਿ ਜੇਕਰ ਬੱਚਾ ਤਿਆਰ ਹੋਵੇ ਤਾਂ ਸਕੂਲ ਵਿੱਚ ਦੇਰ ਨਾਲ ਦਾਖਲ ਹੋਣ ਨਾਲ ਅਸਲ ਵਿੱਚ ਕੋਈ ਫਾਇਦਾ ਨਹੀਂ ਹੈ। ਨਾਲੇ, ਜੇਕਰ ਸਕੂਲ ਦੇਰ ਨਾਲ ਸ਼ੁਰੂ ਕਰਨ ਦਾ ਕਾਰਣ ਕੇਵਲ ਇੰਗਲਿਸ਼ ਹੀ ਹੋਵੇ ਤਾਂ ਅਸੀਂ ਆਮ ਤੌਰ ਤੇ ਦੇਰ ਨਾਲ ਸ਼ੁਰੂ ਕਰਨ ਦੀ ਸਲਾਹ ਨਹੀਂ ਦੇਂਦੇ। ਤੁਹਾਡਾ ਬੱਚਾ ਸਕੂਲ ਵਿੱਚ ਇੰਗਲਿਸ ਸਿੱਖ ਸਕੇਗਾ।

*ਮੇਰਾ ਬੱਚਾ ਸਕੌਟਿਸ਼ ਸਕੂਲਾਂ ਵਿੱਚ ਨਵਾਂ ਆਇਆ ਹੈ ਅਤੇ ਪਹਿਲੋਂ ਕਿਸੇ ਹੋਰ ਦੇਸ਼ ਵਿੱਚ ਸਕੂਲ ਗਿਆ ਹੈ; ਉਹ ਕਿਹੜੇ ਸਾਲ ਵਾਲੇ ਗਰੁੱਪ ਵਿੱਚ ਜਾਏਗਾ?*

ਸਕੌਟਲੈਂਡ ਵਿੱਚ, ਆਮ ਤੌਰ ਤੇ ਉਮਰ ਅਨੁਸਾਰ–ਉਚਿੱਤ ਯੀਅਰ ਗਰੁੱਪਾਂ ਵਿੱਚ ਰੱਖਿਆ ਜਾਂਦਾ ਹੈ। ਇਹ ਜ਼ਰੂਰੀ ਹੇ ਕਿ ਜਿਥੋਂ ਤਕ ਸੰਭਵ ਹੋ ਸਕੇ ਪਹਿਲੇ ਸਕੂਲਾਂ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਦਾਨ ਕਰੋ। ਇਹ ਇਸ ਕਾਰਣ ਹੈ ਤਾਕਿ ਸਕੂਲ ਤੁਹਾਡੇ ਬੱਚੇ ਦੀ ਪੜ੍ਹਾਈ ਦਾ ਉੱਚਿਤ ਪ੍ਰਬੰਧ ਕਰ ਸਕਣ। ਦਾਖਲੇ ਤੇ, ਆਮ ਤੌਰ ਤੇ ਸਕੂਲ ਤੁਹਾਡੇ ਬੱਚੇ ਦੀ ਜਨਮ ਤਾਰੀਖ ਨਾਲੇ ਉਮਰ ਪੁੱਛਦੇ ਹਨ। ਕਿਰਪਾ ਕਰਕੇ ਹੋਰ ਜਾਣਕਾਰੀ ਲਈ ਆਪਣੇ ਬੱਚੇ ਦੇ ਸਕੂਲ/ਈ ਏ ਐੱਲ ਟੀਚਰ/ਬੀ ਐੱਸ ਏ ਨਾਲ ਗੱਲ ਕਰੋ।

*ਬਾਈਲਿੰਗੁਏਲਿਜ਼ਮ ਦੇ ਕੀ ਫਾਇਦੇ ਹਨ ?*

ਕਿਰਪਾ ਕਰਕੇ ਈ ਏ ਐੱਲ ਸਰਵਿਸ ਦੇ ਲੀਫਲੈੱਟ (ਹੈੱਲਪਿੰਗ ਯੂਅਰ ਚਾਈਲਡ ਬੀ ਬਾਈਲਿੰਗੂਅਲ' ਨੂੰ ਪੜ੍ਹੋ। ਕਿਰਪਾ ਕਰਕੇ http://www.bilingualism-matters.org.uk ਵਾਲੀ ਸਾਈਟ ਤੇ 'ਬਾਈਲਿੰਗੁਏਲਿਜ਼ਮ ਮੈਟਰਜ਼' ਤੇ ਜਾਉ ਜਿਸ ਦਾ ਮਾਰਗ ਦਰਸ਼ਨ ਯੂਨੀਵਰਸਿਟੀ ਆਫ ਐਡਿਨਬਰ੍ਹਾ ਦੇ ਐਂਟੋਨੈਲਾ ਸੋਰੇਸ ਨੇ ਕੀਤਾ ਹੈ।

*ਮੈਂ ਡਯੂਲ ਲੈਂਗੁਇਜ ਕਿਤਾਬਾਂ ਕਿਥੋਂ ਲੈ ਸਕਦਾ ਹਾਂ?*

- ਆਪਣੇ ਬੱਚੇ ਦੇ ਸਕੂਲ ਅਤੇ ਬੱਚੇ ਦੇ ਈ ਏ ਐੱਲ ਟੀਚਰ/ਬੀ ਐੱਸ ਏ ਨੂੰ ਪੁੱਛੋ
- ਪਬਲਿਕ ਲਾਇਬ੍ਰੇਰੀਆਂ; ਤੁਸੀਂ ਕਿਸੇ ਵੀ ਲਾਇਬ੍ਰੇਰੀ ਵਿੱਚ ਕਿਤਾਬਾਂ ਲਈ ਬੇਨਤੀ ਕਰ ਸਕਦੇ ਹੋ
- ਕੁੱਝ ਵਿਸ਼ੇਸ਼ ਵੈੱਬਸਾਈਟਾਂ ਤੇ (ਈ ਏ ਐੱਲ ਵੈੱਬਸਾਈਟ ਤੇ ਲਿੰਕਸ ਦੀ ਲਿਸਟ ਵੇਖੋ)
- ਕੁੱਝ ਕਮਿਉਨਿਟੀ ਦੁਕਾਨਾਂ ਉਦਾਹਰਣ ਵੱਜੋਂ ਕੁੱਝ ਪੋਲਿਸ਼ ਦੁਕਾਨਾਂ ਪੋਲਿਸ਼/ਇੰਗਲਿਸ਼ ਜ਼ਬਾਨਾਂ ਵਾਲੀਆਂ ਕਿਤਾਬਾਂ ਵੇਚਦੀਆਂ ਹਨ
- ਕਈ ਵਾਰੀ ਕਮਿਉਨਿਟੀ ਲੈਂਗੁਇਜ ਸਕੂਲ ਕੋਲ ਵੇਚਣ ਲਈ ਡਯੂਅਲ ਲੈਂਗੁਇਜ ਕਿਤਾਬਾਂ ਹੁੰਦੀਆਂ ਹਨ।

*ਮੈਂ ਨਰਸਰੀ ਤੋਂ ਪ੍ਰਾਇਮਰੀ 1 ਜਾਣ ਲਈ ਅਤੇ ਪ੍ਰਾਇਮਰੀ 7 ਤੋਂ ਸੈਕੰਡਰਰੀ ਸਕੂਲ ਜਾਣ ਲਈ ਜਾਣਕਾਰੀ ਕਿਥੋਂ ਲੈ ਸਕਦਾ ਹਾਂ?*

ਇਹ ਜ਼ਰੂਰੀ ਹੈ ਕਿ ਤੁਸੀਂ ਆਪਣੇ ਬੱਚੇ ਦੇ ਟੀਚਰ ਅਤੇ ਈ ਏ ਐੱਲ ਸਟਾਫ ਨੂੰ ਪੁੱਛੋ ਕਿਉਂਕਿ ਹਰ ਇਕ ਸਕੂਲ ਦਾ ਆਪਣਾ ਵਿਅਕਤੀਗਤ ਟ੍ਰਾਂਜ਼ੀਸ਼ਨ (ਇਕ ਸਕੂਲ ਤੋਂ ਦੂਜੇ ਸਕੂਲ ਵਿੱਚ ਜਾਣਾ) ਪ੍ਰੋਗ੍ਰਾਮ ਹੈ। ਤੁਸੀਂ ਆਪਣੇ ਬੱਚੇ ਨੂੰ ਜਿਸ ਸਕੂਲ ਵਿੱਚ ਭੇਜਣਾ ਚਾਹੁੰਦੇ ਹੋ ਉਸ ਦੇ ਕੈਚਮੈਂਟ ਏਰੀਏ ਦੀ ਜਾਂਚ ਕਰੋ। ਜੇਕਰ ਤੁਹਾਡੀ ਪਸੰਦ ਵਾਲਾ ਸਕੂਲ ਕੈਚਮੈਂਟ ਏਰੀਏ ਤੋਂ ਬਾਹਰ ਹੈ ਤਾਂ ਸ਼ਾਇਦ ਤੁਹਾਨੂੰ ਇਸ ਲਈ ਬੇਨਤੀ ਕਰਨ ਵਾਸਤੇ ਫਾਰਮ ਭਰਨਾ ਪਵੇ। (ਕੈਚਮੈਂਟ ਏਰੀਆ: ਇਹ ਸਕੂਲ ਲਈ ਭੂਗੋਲਿਕ ਇਲਾਕਾ ਹੈ)।